# MAA KEHNDI... : NARIVADI PARIPEKH

# ਮਾਂ ਕਹਿੰਦੀ... : ਨਾਰੀਵਾਦੀ ਪਰਿਪੇਖ

ਜਗਮੀਤ ਸਿੰਘ ਹਰਫ਼ (Jagmeet Singh Harf)

ਖੋਜਾਰਥੀ, ਪੋਸਟ ਗ੍ਰੈਜੂਏਟ ਸਟੱਡੀਜ਼ ਵਿਭਾਗ,

ਪੰਜਾਬੀ ਯੂਨੀਵਰਸਿਟੀ ਰੀਜ਼ਨਲ ਸੈਂਟਰ, ਬਠਿੰਡਾ (ਪੰਜਾਬ)

Email ID: jagmeet4991@gmail.com ਮੋਬਾਈਲ: +91- 99887-46178

**ABSTRACT**

*ਸਾਹਿਤ ਵਿਚ ਕਵਿਤਾ ਦੂਜੇ ਸਾਹਿਤ ਰੂਪਾਂ ਨਾਲੋਂ ਪਹਿਲਾਂ ਹੋਂਦ ਵਿੱਚ ਆਉਂਦੀ ਹੈ, ਇਸਦਾ ਕਾਰਨ ਇਹ ਹੈ ਕਿ ਦਿਲੀ/ਮਨੋ ਭਾਵਨਾਵਾਂ ਨਾਲ ਜੁੜੀਆਂ ਲਿਖਤਾਂ ਬੌਧਿਕ ਰਚਨਾਵਾਂ ਤੋਂ ਪਹਿਲਾਂ ਹੋਂਦ ਵਿਚ ਆ ਜਾਂਦੀਆਂ ਹਨ। ਇਸੇ ਕਰਕੇ ਕਵਿਤਾ ਨੂੰ ਭਾਵਾਂ ਜਾਂ ਵਲਵਲਿਆਂ ਦੇ ਰੂਪ ਵਜੋਂ ਵੀ ਜਾਣਿਆ ਜਾਂਦਾ ਹੈ। ਪੰਜਾਬੀ ਕਵਿਤਾ ਦਾ ਆਦਿ ਬਿੰਦੂ ਬੇਸ਼ੱਕ ਵੈਦਿਕ ਕਾਲ ਵਿਚੋਂ ਲੱਭਿਆ ਜਾ ਸਕਦਾ ਹੈ ਪਰ ਆਧੁਨਿਕ ਕਿਸਮ ਦੀ ਕਵਿਤਾ ਦਾ ਆਰੰਭ ਬਰਤਾਨਵੀ ਹਕੂਮਤ ਦੇ ਆਗਮਨ ਨਾਲ ਹੀ ਹੋਇਆ। ਆਧੁਨਿਕ ਸਾਹਿਤ ਵਿਚ 'ਪਾਰੰਪਰਿਕ ਪੈਰਾਡਾਈਮਜ' ਨੂੰ ਵੰਗਾਰਿਆ ਗਿਆ ਹੈ, ਇਸ ਸੰਦਰਭ ਵਿਚ ਕਵਿਤਾ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਚਲਦਾ ਹੈ ਕਿ ਇਸ ਸਮੇਂ ਦੀ ਕਵਿਤਾ ਵਿਚ ਉਨ੍ਹਾਂ ਧਿਰਾਂ ਨੂੰ ਵਿਚਾਰਿਆ ਜਾ ਰਿਹਾ ਹੈ ਜੋ ਸਦੀਆਂ ਤੋਂ ਨਪੀੜੇ, ਲਤਾੜੇ ਅਤੇ ਹਾਸ਼ੀਏ ਤੇ ਧੱਕੇ ਗਏ ਹਨ। ਹੱਥਲੀ ਪੁਸਤਕ 'ਮਾਂ ਕਹਿੰਦੀ...' ਦਾ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਇਸ ਪੁਸਤਕ ਵਿਚ ਵੀ ਕਿਸੇ ਦਮਿਤ ਧਿਰ ਨੂੰ ਹੀ ਕਾਵਿ ਵਸਤੂ ਵਜੋਂ ਗ੍ਰਹਿਣ ਕੀਤਾ ਗਿਆ ਹੈ ਪਰ ਸਮਝਣ ਵਾਲਾ ਤੱਥ ਇਹ ਹੈ ਕਿ ਇਹ ਸਮੁੱਚੀ ਹਾਸ਼ਿਆਈ ਧਿਰ ਨੂੰ ਕੇਂਦਰ ਵਿਚ ਰੱਖਣ ਦੀ ਬਜਾਇ ਸਿਰਫ਼ ਨਾਰੀ ਨੂੰ ਹੀ ਤਰਜੀਹ ਦਿੰਦਾ ਹੈ।*

***ਕੀਵਰਡ : ਸਾਹਿਤ, ਕਵਿਤਾ. ਦਬੀ ਕਾਵਿ, ਹਾਸ਼ੀਆਗਤ ਧਿਰਾਂ, ਨਾਰੀਵਾਦ।***

ਹਾਸ਼ੀਆਗਤ ਸ਼ਬਦ ਅੰਗਰੇਜ਼ੀ ਦੇ Subaltern ਦਾ ਪੰਜਾਬੀ ਰੂਪ ਹੈ। ਮੱਧਕਾਲੀ ਇੰਗਲੈਂਡ ਵਿਚ ਇਸ ਸ਼ਬਦ ਦੀ ਵਰਤੋਂ ਗੁਲਾਮਾਂ ਅਤੇ ਕਿਸਾਨਾਂ ਲਈ ਹੁੰਦੀ ਸੀ। ਸੋਵੀਅਤ ਕ੍ਰਾਂਤੀ ਉਪਰੰਤ ਗ੍ਰਾਮਸ਼ੀ ਨੇ 'ਹਾਸ਼ੀਆਗਤ ਪਛਾਣ' ਸੰਬੰਧੀ ਚਰਚਾ ਸ਼ੁਰੂ ਕੀਤੀ। ਇਨ੍ਹਾਂ ਸ਼੍ਰੇਣੀਆਂ ਦਾ ਸ਼ੋਸ਼ਿਤ ਧਿਰ ਵਜੋਂ ਅਧਿਐਨ ਗ੍ਰਾਮਸ਼ੀ ਦੀ ਰਚਨਾ The Modern Prince (1966) ਤੋਂ ਮੰਨਿਆ ਜਾਂਦਾ ਹੈ। ਹਾਸ਼ੀਆਗਤ ਧਿਰਾਂ ਨੂੰ ਸ਼ਰੀਰਕ ਅਤੇ ਆਰਥਿਕ ਸੰਦਰਭ ਵਿਚ ਕੀਤੇ ਗਏ ਸ਼ੋਸ਼ਣ ਦੇ ਪੱਖ ਤੋਂ ਪਛਾਣਿਆ ਜਾਂਦਾ ਹੈ। ਵਾਸਤਵ ਵਿੱਚ ਹਾਸ਼ਿਆਈ ਅਧਿਐਨ ਪੱਛਮੀ ਬਸਤੀਵਾਦ ਕਾਰਨ ਗੁਲਾਮ ਹੋਈ ਲੋਕਾਂ ਦੇ ਅਨੁਭਵਾਂ ਨੂੰ ਪੇਸ਼ ਕਰਦਾ ਹੈ। ਇਹ ਉਹ ਸਮਾਜਕ ਸਮੂਹ ਹਨ, ਜਿਨ੍ਹਾਂ ਨੂੰ ਪੂੰਜੀਪਤੀ ਵਰਗਾਂ ਦੁਆਰਾ ਇਤਿਹਾਸਕ ਪੱਖ ਤੋਂ ਅਣਗੌਲੇ ਕਰ ਦਿੱਤਾ ਗਿਆ। ਸਪੱਸ਼ਟ ਹੈ ਕਿ ਹਾਸ਼ੀਆਗਤ ਸ਼ਬਦ ਦੀ ਵਰਤੋਂ ਉਨ੍ਹਾਂ ਧਿਰਾਂ/ਸ਼੍ਰੇਣੀਆਂ/ਵਰਗਾਂ ਲਈ ਹੁੰਦੀ ਹੈ ਜੋ ਪੂਰਨ ਤੌਰ ਤੇ ਸੁਤੰਤਰ ਨਾ ਹੋ ਕੇ ਅਧੀਨਗੀ ਵਾਲਾ ਜੀਵਨ ਬਤੀਤ ਕਰਦੇ ਹਨ। ਸਬਾਲਟਰਨ ਜਾਂ ਹਾਸ਼ੀਆਗਤ ਧਿਰਾਂ ਵਿਚ ਉਹ ਸਾਰੇ ਵਰਗ ਬੱਚੇ, ਔਰਤ, ਕਿਸਾਨ, ਮਜ਼ਦੂਰ, ਦਲਿਤ, ਕਬੀਲਾਈ ਲੋਕ ਆਦਿ ਆਉਂਦੇ ਹਨ ਜੋ ਪਰਾ-ਨਿਰਭਰ ਹੁੰਦੇ ਹਨ। ਦਬੀ ਕਾਵਿ ਦਾ ਕੇਂਦਰੀ ਤੱਤ ਨਾਰੀ ਹੈ ਇਸ ਲਈ ਅਧਿਐਨ ਦੇ ਪਸਾਰੇ ਵੀ ਨਾਰੀ ਕੇਂਦਰਤ ਹੀ ਹੋਣਗੇ।

ਡਾ.ਧਨਵੰਤ ਕੌਰ ਅਨੁਸਾਰ, *"ਨਾਰੀਵਾਦ ਇਕ ਬੌਧਿਕ ਰਾਜਨੀਤਕ ਲਹਿਰ ਵਜੋਂ ਉਭਰੀ ਤੇ ਬੜੀ ਦ੍ਰਿੜ੍ਹਤਾ ਨਾਲ ਇਹ ਸਥਾਪਤ ਕਰਨ ਵਿਚ ਕਾਮਯਾਬ ਹੋਈ ਕਿ ਔਰਤ ਦੀ ਅਧੀਨਗੀ ਦਾ ਕੇਂਦਰੀ ਧੁਰਾ ਲਿੰਗ ਵਿਤਕਰਾ ਹੈ ਜਿਸ ਨੇ ਸਾਰੀਆਂ ਸਮਾਜਿਕ, ਮਾਨਸਿਕ ਬੇਤਰਤੀਬੀਆਂ ਨੂੰ ਜਨਮ ਦਿੱਤਾ।*[1]

ਪਰਮਜੀਤ ਕੌਰ ਤੇ ਵਿਨੋਦ ਕੁਮਾਰ ਮਿੱਤਲ ਅਨੁਸਾਰ, *"ਨਾਰੀਵਾਦ ਇਕ ਰਾਜਨੀਤਕ ਸੰਕਲਪ ਹੈ ਜੋ ਸ਼ਕਤੀ ਦੇ ਸੰਬੰਧਾਂ, ਔਰਤਾਂ ਦੀਆਂ ਡੂੰਘੀਆਂ ਸਥਿਤੀਆਂ ਅਤੇ ਉਹਨਾਂ ਸਥਿਤੀਆਂ ਨੂੰ ਬਦਲਣ ਨਾਲ ਸੰਬੰਧਤ ਹੈ। ਇਕ ਨਾਰੀਵਾਦੀ ਇਨਸਾਨ ਬਰਾਬਰੀ ਲਈ ਇਸ ਸਮਾਜ ਨੂੰ ਬਦਲਣ ਦਾ ਕੰਮ ਕਰਦਾ ਹੈ। ਇਹੋ ਹੀ ਨਾਰੀਵਾਦ ਦਾ ਮਨੋਰਥ ਹੈ। ਬਰਾਬਰਤਾ ਦਾ ਅਰਥ ਮਾਨਸਿਕ ਦਮਨ ਤੇ ਸਰੀਰਿਕ ਨੂੰ ਠੁਕਰਾਉਣਾ ਹੈ ਜੋ ਕਿ ਖੁੱਲੇਆਮ ਵੀ ਹੋ ਸਕਦਾ ਹੈ ਤੇ ਇਹ ਲੁਕਿਆ ਹੋਇਆ ਵੀ ਹੋ ਸਕਦਾ ਹੈ।"*[2]

ਉਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਾਰੀਵਾਦ ਉਹ ਵਾਦ ਜਾਂ ਅੰਦੋਲਨ ਹੈ ਜਿਸ ਵਿਚ ਉਨ੍ਹਾਂ ਮਾਪਦੰਡਾਂ ਦਾ ਵਿਰੋਧ ਕੀਤਾ ਜਾਂਦਾ ਹੈ ਜੋ ਅੱਧੀ ਮਨੁੱਖਤਾ (ਔਰਤ) ਨੂੰ ਦੁਜੈਲੇ ਪੱਧਰ ਤੇ ਲਿਆਉਂਦੇ ਹਨ। ਇਹ ਵਾਦ ਬੇਸ਼ੱਕ ਜੈਵਿਕ ਪੱਧਰ ਉੱਤੇ ਇਸ (ਮਰਦ ਔਰਤ) ਵਖਰੇਵੇਂ ਨੂੰ ਸਵੀਕਾਰ ਕਰਦਾ ਹੈ ਪ੍ਰੰਤੂ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਖੇਤਰਾਂ ਵਿੱਚ ਹੁੰਦੇ ਲਿੰਗ ਆਧਾਰਤ ਵਿਤਕਰੇ ਨੂੰ ਖ਼ਤਮ ਕਰਨ ਦੀ ਮੰਗ ਕਰਦਾ ਹੈ।

ਦਵੀ ਸਿੱਧੂ ਦਾ ਕਾਵਿ ਸੰਗ੍ਰਹਿ 'ਮਾਂ ਕਹਿੰਦੀ' ਨਾਮਕਰਣ ਤੋਂ ਹੀ ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੇ ਸਰੂਪ ਨੂੰ ਅਗਰਭੂਮਿਤ ਕਰਦਾ ਹੈ। 'ਮਾਂ ਕਹਿੰਦੀ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਮਾਂ ਵੱਲੋਂ ਧੀ ਨੂੰ ਕੀਤੀਆਂ ਹੋਈਆਂ ਜੜ ਹੋਈਆਂ ਹਦਾਇਤਾਂ ਨਹੀਂ ਬਲਕਿ ਟੇਢੇ-ਮੇਢੇ ਰਾਹਾਂ ਉਪਰ ਚੱਲਣ ਦਾ ਕਲਾਤਮਕ ਢੰਗ ਉਲੀਕਦੀਆਂ ਹਨ। ਇਹ ਵੰਸ਼ਜ ਰੂਪ ਵਿੱਚ ਮਾਂ ਦੇ ਅਨੁਭਵ ਨੂੰ ਧੀ ਤੱਕ ਪ੍ਰਸਾਰਿਤ ਕਰਨ ਦਾ ਇਕ ਢੰਗ ਵੀ ਹੈ, ਮਰਦ ਪ੍ਰਧਾਨ ਸਮਾਜ ਵਿਚ, ਪੂੰਜੀਵਾਦੀ ਪ੍ਰਬੰਧ ਵਿਚ, ਔਰਤ ਨੂੰ ਵਸਤੂ ਸਮਝਣ ਵਾਲੇ ਸਮਾਜ ਵਿੱਚ ਕਿਵੇਂ ਵਿਚਰਣਾ ਹੈ ਉਸ ਬਾਬਤ 'ਮਾਂ ਕਹਿੰਦੀ' ਹੈ;

*ਮਾਂ ਕਹਿੰਦੀ*
*ਰੋਇਆ ਨਾ ਕਰ*
*ਐਵੇਂ*
*ਐਰੇ-ਗੈਰੇ ਦੇ*
*ਮੋਢੇ ਉਤੇ*
*ਸਿਰ ਧਰ ਕੇ*
*ਮਹਿਸੂਸ*
*ਵੀ ਕਰਿਆ ਕਰ*
*ਕਿ*
*ਉਸ ਮੋਢੇ ਬਦਲੇ*
*ਗਲਵੱਕੜੀ ਵਿੱਚ*
*ਤੈਨੂੰ*
*ਦੇ ਬੈਗਾਨੇ ਹੱਥ...।*

ਕਵਿਤਾ ਦੇ ਅਰਥ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਵਿਤਾ ਇਕ ਨੁਕਤੇ ਤੋਂ ਵਿਰਾਟ ਵਰਤਾਰੇ ਵੱਲ ਖੁੱਲ੍ਹਦੀ ਹੈ, ਇਸੇ ਕਾਰਨ ਉਕਤ ਕਵਿਤਾ ਵਿਚ ਸਮਾਜ ਵਿਚ ਵਿਆਪਕ ਨੈਤਿਕ ਕਦਰਾਂ ਕੀਮਤਾਂ ਨੂੰ ਘਰੇਲੂ ਵਾਰਤਾਲਾਪ ਵਿਚੋਂ ਨਸੀਹਤ ਵਜੋਂ ਪੇਸ਼ ਕੀਤਾ ਗਿਆ ਹੈ। ਕਵਿਤਾ ਵਿਚ ਕਵਿਤਰੀ ਨੂੰ ਇਹ ਮਾਂ ਵੱਲੋਂ ਸਲਾਹ ਹੈ ਕਿ ਕਿਸੇ ਉਪਰ ਨਿਰਭਰ ਨਹੀਂ ਹੋਣਾ, ਭਾਵ ਮਾਂ ਆਤਮ ਨਿਰਭਰ ਹੋਣ ਦਾ ਸੁਨੇਹਾ ਦਿੰਦੀ ਹੈ, ਕਿਸੇ 'ਐਰੇ ਗੈਰੇ ਦੇ ਮੋਢੇ ਤੇ ਸਿਰ ਧਰਨ' ਤੋਂ ਵਰਜਦੀ ਹੈ, ਇਸਦਾ ਕਾਰਨ ਮਾਂ ਆਪ ਹੀ ਦੱਸਦੀ ਹੈ ਕਿ ਸਮਾਜ ਵਿੱਚ ਵਰਤਦੇ ਅਨੈਤਿਕ ਵਰਤਾਰੇ ਔਰਤ ਨੂੰ 'ਗੱਲਵਕੜੀ' ਵਿਚ ਲੈਣ ਤੱਕ ਹੀ ਮਹਿਦੂਦ ਹਨ। ਇਸ ਤਰ੍ਹਾਂ ਕਵਿੱਤਰੀ ਸਮਾਜਿਕ ਜੀਵਨ ਵਿਚ ਔਰਤ ਨੂੰ ਆਤਮ ਨਿਰਭਰ ਹੋਣ ਦਾ ਸੁਨੇਹਾ ਦਿੰਦੀ ਹੈ। ਇਸੇ ਆਤਮਨਿਰਭਰਤਾ ਵਿਚੋਂ ਹੀ ਉਹ ਆਪਣਾ ਅਸਤਿੱਤਵ ਕਾਇਮ ਰੱਖਣ ਲਈ ਮਰਦਾਵੇਂ ਸਮਾਜ ਨੂੰ ਉਹ ਸਭ ਕੁਝ ਕਰਨ ਤੋਂ ਇਨਕਾਰ ਕਰ ਦਿੰਦੀ ਹੈ ਜਿਸ ਨਾਲ ਉਹ ਮੁੱਖ ਭੂਮਿਕਾ ਵਿਚੋਂ ਗੌਣ ਰਹਿ ਜਾਂਦੀ ਹੈ।

*ਕੀ*
*ਚਾਹੁੰਦਾ ਏਂ ਤੂੰ?*
*ਕਿ ਮੈਂ ਪੌੜੀ ਬਣਾਂ?*
*ਜੋ ਖ਼ੁਦ ਠਹਿਰ ਕੇ*
*ਬਣੇ ਜ਼ਰੀਆ*
*ਤੇਰੇ ਲਈ*
*ਉਚਾਈਆਂ ਤੱਕ ਜਾਣ ਦਾ*

*ਕਿ*
*ਉਹ ਦਰਵਾਜ਼ਾ ਬਣਾ?*
*ਜੋ*
*ਖੁੱਲ੍ਹਾ ਰਹੇ*
*ਦਿਨ-ਰਾਤ*
*ਤੇਰੇ*
*ਆਉਣ ਦੀ ਉਡੀਕ ਵਿਚ*
*ਨਾ*
*ਇਹ ਨਹੀਂ*
*ਹੋਣਾ ਮੈਥੋਂ...*

ਇਸ ਤਰ੍ਹਾਂ ਉਹ ਮਰਦਾਵੇਂ ਸਮਾਜ ਵਿਚ ਮਰਦ ਲਈ ਮਹਿਜ਼ 'ਪੌੜੀ ਜਾਂ ਦਰਵਾਜ਼ਾ' ਨਹੀਂ ਬਣਨਾ ਚਾਹੁੰਦਾ, ਉਹ ਖੁਦ ਲਈ ਜਿਉਣ ਦੀ ਇੱਛੁਕ ਹੈ ਪਰ ਉਹ 'ਸਭ ਕੁਝ' ਜਾਣਦੀ ਹੋਈ, ਵੀ ਆਪਣੇ ਮੁਤਾਬਿਕ ਜਿਉਣ ਦੀ ਚਾਹਤ

ਰੱਖਦੀ ਹੈ। ਪੰਜਾਬੀ ਸਮਾਜ ਵਿੱਚ ਨਾਰੀ ਚੇਤਨਾ ਦਾ ਇਹ ਰੂਪ ਸਿਰਜਣਾ ਦਬੀ ਦੇ ਹਿੱਸੇ ਆਇਆ ਹੈ।

ਦਬੀ ਦੀ ਕਵਿਤਾ ਵਿਚ ਇਕ ਭਾਵ ਦੇ ਅਨੇਕ ਪਸਾਰੇ ਪੇਸ਼ ਹੋਏ ਹਨ। ਇਸ ਸੰਦਰਭ ਵਿਚ ਉਸਦੀ ਕਵਿਤਾ ਵਿਚ ਸ਼ਾਮਿਲ 'ਜ਼ਿੱਦ ਦੇ ਭਾਵ' ਨੂੰ ਸਮਝਿਆ ਜਾ ਸਕਦਾ ਹੈ। 'ਤੂੰ ਤੇ ਮੈਂ' ਕਵਿਤਾ ਵਿਚ ਇਕ ਰਿਸ਼ਤਾ 'ਜ਼ਿੱਦ' ਕਾਰਨ ਟੁੱਟਦਾ ਹੈ ਅਤੇ ਦੂਜੇ ਪਾਸੇ 'ਜ਼ਿੱਦ' ਕਾਰਨ ਹੀ ਇਕ ਨਵੀਂ ਸਿਰਜਣਾ ਹੁੰਦੀ ਹੈ, ਇਥੋਂ ਦੋਵਾਂ ਕਵਿਤਾਵਾਂ ਵਿਚੋਂ ਹੀ ਨਾਰੀ ਦੇ ਉਗਰ ਸੁਭਾਅ ਦੇ ਸੰਕੇਤ ਮਿਲਦੇ ਹਨ, ਪਹਿਲੀ ਕਵਿਤਾ ਵਿਚ ਔਰਤ ਅਤੇ ਮਰਦ ਦੋਵੇਂ ਆਪਣੇ ਅਹੰ ਕਾਰਨ ਜਿੱਦੀ ਹਨ, ਦੂਜੀ ਕਵਿਤਾ ਵਿਚ ਮਰਦਾਵੇਂ ਸਮਾਜ ਅੱਗੇ ਡੱਟ ਕੇ ਖੜਨਾ ਅਤੇ 'ਧੀ ਨੂੰ ਜਨਮ ਦੇਣਾ (ਭਰੂਣ ਹੱਤਿਆ ਤੋਂ ਇਨਕਾਰ ਕਰਨਾ)' ਵੀ ਨਾਰੀ ਦੇ ਅਸਤਿੱਤਵ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਉਸਦੀ ਕਵਿਤਾ 'ਸ਼ਰਤਾਂ' ਵੀ ਨਾਰੀ ਅਸਤਿੱਤਵ ਨੂੰ ਰੂਪਮਾਨ ਕਰਦੀ ਹੈ।

**ਮਾਂ ਕਹਿੰਦੀ** ਸਿਰਲੇਖ ਅਧੀਨ ਦਵੀ ਸਿੱਧੂ ਨੇ ਪੰਜ ਕਵਿਤਾਵਾਂ ਲਿਖੀਆਂ ਇਹ ਪੰਜੇ ਕਵਿਤਾਵਾਂ ਪੰਜ ਪੜਾਵਾਂ ਨੂੰ ਸਿਰਜਦੀਆਂ ਹਨ। ਪਹਿਲਾ ਪੜਾਅ ਮੁਟਿਆਰ ਹੋ ਰਹੀ ਧੀ ਨੂੰ ਮਾਂ ਵੱਲੋਂ ਐਰੇ ਗੈਰੇ ਨਾਲ ਭਾਵੁਕ ਤੌਰ ਤੇ ਖੁੱਲਣ ਦੀ ਵਰਜਨਾ, ਦੂਜਾ ਮਾਂ ਦਾ ਇਕੱਲੀ ਧੀ ਨੂੰ ਕਿਸੇ ਪਾਸੇ ਨਾ ਤੋਰਨ ਦੀ ਵਰਜਨਾ, ਪਰ ਧੀ ਦੀ ਇਨ੍ਹਾਂ ਵਰਜਨਾਵਾਂ ਨੂੰ ਤੋੜਨ ਦੀ ਇੱਛਾ, ਤੀਜਾ, ਧੀ ਦੇ ਉੱਚੇ ਸੁਪਨਿਆਂ ਤੋਂ ਮਾਂ ਜਾਣੂੰ ਪਰ ਧੀ ਨੂੰ ਵੱਡੀਆਂ ਗੱਡੀਆਂ ਦੇ ਨੇੜੇ ਹੋਣ ਤੋਂ ਵਰਜਨਾ, ਚੌਥਾ ਰਾਜਸੀ ਅਸਥਿਰਤਾ ਵਿਚ ਮਾਂ ਦਾ ਬੱਚਿਆਂ ਪ੍ਰਤੀ ਰੋਲ ਅਤੇ ਪੰਜਵਾਂ, ਮਾਂ ਦਾ ਧੀ ਨੂੰ ਆਪਣੇ ਪਤੀ ਨਾਲ ਇਕ ਮਿਕ ਹੋ ਕੇ ਸੁਚੱਜੇ ਢੰਗ ਨਾਲ ਰਹਿਣ ਦੀ ਸਿੱਖਿਆ। ਇੱਥੇ ਸਮਝਣ ਵਾਲੀ ਗੱਲ ਹੈ ਕਿ ਮਾਵਾਂ ਆਪਣੇ ਬੱਚਿਆਂ ਨੂੰ ਸਾਰੀ ਉਮਰ ਹੀ ਬੱਚਿਆਂ ਵਾਂਗ ਹੀ ਸਿਖਾਉਂਦੀਆਂ ਰਹਿੰਦੀਆਂ ਹਨ। ਉਕਤ ਚੌਥੇ ਪੜਾਅ ਨੂੰ ਥੋੜਾ ਗਹੁ ਨਾਲ ਸਮਝਣਾ ਚਾਹੀਦਾ ਹੈ। ਇਸ ਵਿਚ ਧੀ, ਮਾਂ ਅਤੇ ਪੁੱਤ ਤਿੰਨ ਪਾਤਰ ਕਾਵਿ-ਬਿਰਤਾਂਤ ਵਿਚ ਸ਼ਾਮਿਲ ਹਨ, ਧੀ ਮਾਂ ਨੂੰ ਪੁੱਤ ਦੇ ਲਸੰਸ ਤੇ ਏ.ਕੇ. 47 ਚੜ੍ਹਨ ਬਾਰੇ ਦੱਸਦੀ ਹੈ, ਮਾਂ ਪੁੱਤ ਨੂੰ ਪਹਿਲੀ ਸੰਤਾਲੀ (1947) ਤੇ ਦੂਜੀ ਸੰਤਾਲੀ (1984) ਦਾ ਸੰਤਾਪ ਪ੍ਰਤੀਕਾਤਮਕ ਢੰਗ ਨਾਲ ਦੱਸਦੀ ਹੈ। ਕਵਿੱਤਰੀ ਪੁੱਤਰ ਨੂੰ 'ਨਾਦਾਨ' ਸਮਝਦੀ ਹੈ ਕਿਉਂਕਿ ਉਹ ਸਮਝਦਾ ਹੈ ਕਿ ਉਸਦੀ ਮਾਂ ਉਸਦੀ 'ਖੁਸ਼ੀ' ਵਿਚ ਖੁਸ਼ ਨਹੀਂ। ਇਥੋਂ ਦੋ ਗੱਲਾਂ ਸਮਝ ਆਂਉਦੀਆਂ ਹਨ, ਪਹਿਲੀ ਧੀ ਪੁੱਤਰ ਨਾਲੋ ਆਪਣੇ ਆਪ ਨੂੰ ਵਧੇਰੇ ਸਿਆਣੀ ਸਮਝਦੀ ਹੈ, ਇਸੇ ਕਰਕੇ ਪੁੱਤਰ 'ਨਾਦਾਨ' ਹੈ। ਦੂਜਾ, ਪੁੱਤਰ ਦਾ ਸੰਬੰਧ ਸੰਤਾਲੀ ਨਾਲ ਹੈ, ਭਾਵ ਉਹ ਰਾਜਸੀ ਅਸਥਿਰਤਾ ਦਾ ਉਕਤਾਇਆ ਹੋਇਆ ਹੀ ਸੰਤਾਲੀ ਚੁੱਕਦਾ, ਇਸ ਲਈ ਉਹ ਅੰਦਰਖਾਤੇ ਆਪਣੀ ਕੌਮ ਅਤੇ ਆਬਰੂ ਲਈ ਆਪਣਾ ਸਭ ਕੁਝ ਤਿਆਗ ਕੇ ਸਟੇਟ ਨਾਲ ਮੱਥਾ ਲਾਉਂਦਾ ਹੈ। ... ਇਸ ਤਰ੍ਹਾਂ ਇੱਥੋਂ ਇਹ ਵੀ ਸਮਝ ਪੈਂਦੀ ਹੈ ਕਿ ਔਰਤ ਦੀਆਂ ਇੱਛਾਵਾਂ ਘਰ ਤੱਕ ਸੀਮਤ ਹਨ ਬਲਕਿ ਪੁੱਤ/ਮਰਦ ਘਰ ਤੋਂ ਬਾਹਰ ਵਾਪਰਦੀਆਂ ਘਟਨਾਵਾਂ ਨਾਲ ਵੀ ਜੂਝਦੇ ਹਨ।ਇਸ ਤਰ੍ਹਾਂ ਉਕਤ ਤਰ੍ਹਾਂ ਦੇ ਭਾਵ ਔਰਤ ਦੇ ਵਿਅਸ਼ਟੀ ਅਤੇ ਮਰਦ ਦੇ ਸਮਸ਼ਟੀਗਤ ਸੁਭਾਓ ਨੂੰ ਪੇਸ਼ ਕਰਦੇ ਹਨ।

ਦਬੀ ਦਾ ਕਾਵਿ-ਪਾਠ ਕਰਨ ਉਪਰੰਤ ਇਹ ਵੀ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਹ ਰੂੜ ਹੋ ਚੁੱਕੇ ਸਮਾਜ ਦੀਆਂ ਵਰਜਣਾਵਾਂ ਵਿਚ ਦਮਿਤ ਨਹੀਂ ਰਹਿ ਸਕਦੀ, ਉਸਤੋਂ ਪਾਰ ਜਾਣਾ ਚਾਹੁੰਦੀ ਹੈ ਪਰ ਫਿਰ ਵੀ ਉਹ ਆਪਣੀਆਂ ਵਾਂਗਾਂ ਨੂੰ ਕਿਸੇ ਸੰਕੋਚ ਹੇਠ ਦੱਬ ਲੈਂਦੀ ਹੈ। ਇਸ ਪ੍ਰਸੰਗ ਵਿਚ ਉਸਦੀ ਕਵਿਤਾ 'ਗੁੱਡੀਆਂ' ਸਮਝਣ ਯੋਗ ਹੈ;

*ਮੀਂਹ*
*ਨਾ ਪਵੇ*
*ਤਾਂ*
*ਗੁੱਡੀਆਂ ਸਾੜਦੀਆਂ ਨੇ*
*ਨਿਆਣੀਆਂ ਕੁੜੀਆਂ*
*ਕਰਦੀਆਂ ਨੇ*
*ਨਾਟਕ*
*ਪਿੱਟ ਸਿਆਪਾ ਕਰਨ ਦਾ*
*ਆਖੇ ਲੱਗਕੇ*
*ਸਿਆਣੀਆਂ*
*ਦਾਦੀਆਂ ਮਾਵਾਂ ਦੇ*

*ਸੋਚਿਆ*
*ਕਿਉਂ ਨਾ ਮੈਂ ਗੁੱਡਾ ਸਾੜ ਕੇ ਦੇਖਾਂ*
*ਤੇ ਕਰਾਂ*
*ਖੂਬ ਪਿੱਟ ਸਿਆਪੇ ਦਾ*
*ਨਾਟਕ*

*ਫੇਰ*
*ਸੋਚਿਆ*

*ਰਹਿਣ ਦੇ ਮਨਾ*

*ਐਵੇਂ*

*ਗੁੱਸਾ ਕਰਨਗੀਆਂ*

*ਸਿਆਣੀਆਂ*

*ਦਾਦੀਆਂ ਮਾਵਾਂ*

*ਪਹੁੰਚੇਗੀ ਠੇਸ*

*ਕੋਮਲ ਮਨਾਂ ਨੂੰ*

*ਭੋਲੀਆ*

*ਆਸਾਂ ਨੂੰ...*

ਉਹ ਸਮਾਜਿਕ ਵਰਜਨਾਵਾਂ ਨੂੰ ਲੋਕਧਾਰਾਈ ਖੇਤਰ ਵਿਚੋਂ ਨਾਰੀ ਵਿਰੋਧੀ ਤੱਥਾਂ ਨੂੰ ਚੁਣ ਕੇ ਤੋੜਨ ਦਾ ਪ੍ਰਯਤਨ ਕਰਦੀ ਹੈ। ਜਿੱਥੇ ਸਮਾਜ ਮੀਂਹ ਪੈਣ/ਠੰਢ ਵਰਤਣ ਲਈ ਗੁੱਡੀ/ਔਰਤ ਨੂੰ ਸਾੜਦਾ ਹੈ ਉਥੇ ਉਹ ਸਮਾਜਕ ਪ੍ਰਤੀਰੋਧ ਕਰਦੀ ਹੈ ਉਹ ਗੁੱਡਾ/ਮਰਦ ਨੂੰ ਸਾੜਨਾ ਚਾਹੁੰਦੀ ਹੈ ਪਰ ਉਹ ਸਮਾਜਿਕ ਵਰਜਨਾਵਾਂ (ਸਿਆਣਿਆਂ ਨੂੰ ਠੇਸ ਨਾ ਲੱਗੇ) ਨੂੰ ਉਲੰਘਦੀ ਨਹੀਂ। ਇਹ ਨਾ ਉਲੰਘਣ ਦਾ ਕਾਰਨ ਉਹ ਆਪ ਹੀ ਦੱਸਦੀ ਹੈ,

*ਹੁਣ*

*ਉਹ ਸੁਪਨੇ*

*ਨਹੀਂ ਦੇਖਦੀ*

*ਜੋ*

*ਹੋਣ ਮੇਰੀ*

*ਚਾਦਰ ਤੋਂ ਬਾਹਰ*

ਇਸ ਤਰ੍ਹਾਂ ਔਰਤ ਸਮਾਜਿਕ ਬੰਦਸ਼ਾਂ ਵਿਚ ਆਪਣੇ ਆਪ ਨੂੰ ਜਿਉਂਦਾ ਰੱਖਣ ਲਈ ਸੰਤੁਲਿਤ ਰਾਹ ਚੁਣਦੀ ਹੈ, "ਔਰਤ ਜੰਗਲ ਵਿੱਚ ਵੀ ਆਪਣਾ ਰਾਹ ਚੁਣ ਲੈਂਦੀ ਹੈ" ਦਬੀ ਸਿੱਧੂ ਨਿਰੋਲ ਵਰਜਨਾਂ ਦੀ ਕੈਦ ਵਿੱਚ ਨਹੀਂ ਰਹਿੰਦੀ ਉਹ ਚਾਨਣ ਦਾ ਪਰਛਾਵਾਂ ਲੱਭਣ ਦੀ ਇੱਛੁਕ ਹੈ। ਉਸ ਅੰਦਰ 'ਦਾਇਰਿਆਂ ਤੋਂ ਪਰ੍ਹੇ' ਵਿਚਰਣ ਦੀ ਚਾਹਤ ਹੈ। ਉਹ ਰਿਸ਼ਤਿਆਂ ਵਿਚ 'ਮੱਥੇ ਦਾ ਵੱਟ' ਨਹੀਂ ਬਣਨਾ ਚਾਹੁੰਦੀ, ਇਸ ਲਈ ਉਹ 'ਸਾਹਮਣੇ ਵਾਲੇ' ਤੋਂ ਵੀ ਤਿਆਗ, ਵਿਸ਼ਵਾਸ ਦੀ ਆਸ ਰੱਖਦੀ ਹੈ;

*ਜੇ*

*ਤੂੰ*

*ਯੋਗੀ ਬਣ ਸਕਦੈਂ*

*ਮੇਰੇ ਲਈ..*

*ਤਾਂ*

*ਵਾਅਦਾ ਰਿਹਾਂ*

*ਮੇਰਾ ਵੀ*

*ਕਿ*

*ਮੈਂ ਵੀ ਤੈਨੂੰ*

*ਖੈਰ*

*ਘੁੰਢ ਕੱਢਕੇ ਨਹੀਂ ਪਾਵਾਂਗੀ।*

ਦਬੀ ਕਾਵਿ ਦਾ ਇਕ ਹੋਰ ਪਸਾਰਾ ਮਰਦ ਦੇ ਨਿਰਦਈ ਪੁਣੇ ਵੱਲ ਖੁੱਲ੍ਹਦਾ ਹੈ। ਸੁਭਾਵਿਕ ਹੈ ਇਹ ਤਾਂ ਹੀ ਸੰਭਵ ਹੈ ਕਿ ਉਹ ਮਰਦ ਨੂੰ ਔਰਤ ਦੇ ਮੁਕਾਬਲੇ ਵਿਚ ਖੜ੍ਹਾ ਕਰਦੀ ਹੈ। ਪਰ ਜ਼ਿਆਦਾਤਰ ਉਹ ਮਰਦ ਨੂੰ ਆਪਣੀ ਹੋਣੀ ਦਾ ਕਾਰਨ ਮੰਨ ਕੇ ਚੱਲਦੀ ਹੈ। ਇਸੇ ਕਾਰਨ ਉਹ ਮਰਦ/ਪ੍ਰੇਮੀ ਨੂੰ ਤਾਹਨੇ ਮਿਹਣੇ ਵੀ ਦੇ ਦਿੰਦੀ ਹੈ, ਪਰ ਇਹ ਤਾਹਨੇ ਰਵਾਇਤੀ ਨਹੀਂ ਹਨ, ਉਸਦੇ ਆਪਣੇ ਹਨ, ਮੌਲਿਕ ਹਨ; ਇਸ ਬਾਬਤ ਉਸਦੀਆਂ ਦੋ ਕਵਿਤਾਵਾਂ ਪੜ੍ਹਨਯੋਗ ਵੀ ਨੇ ਤੇ ਮਾਣਨਯੋਗ ਵੀ,

*ਕਦੇ ਕਦੇ*

*ਪਾਣੀ ਵਰਗੇ ਲੱਗਦੇ ਓਂ*

*ਜਿਹੋ ਜਿਹੇ*

*ਭਾਂਡੇ ਵਿਚ*

*ਪੈ ਜਾਨੇ ਓਂ*

*ਵਟਾ ਲੈਂਦੇ ਓਂ*

*ਉਹੋ ਜਿਹਾ ਰੰਗ।*

*-----+++++---*

*ਮੈਂ*

*ਕਿਸੇ ਇਕ ਦਾ*

*ਨਿੱਜੀ ਗੀਤ*

*ਤੇ*

*ਤੂੰ*

*ਲੋਕਗੀਤ ਵਰਗਾ*

*ਸਭ ਦਾ*

*ਸਾਂਝਾ*

*ਵਾਹ... ਸਦਕੇ ਵੇ ਮਾਂ ਦਿਆ ਸੁਰਜਣਾ।।*

ਇਸ ਤਰ੍ਹਾਂ ਉਹ ਮਰਦ/ਪ੍ਰੇਮੀ ਨੂੰ 'ਬੇਕਿਰਕ' ਕਹਿੰਦੀ ਹੈ। ਉਸਨੂੰ ਪ੍ਰੇਮੀ/ਮਰਦ ਦਾ ਪਿਆਰ ਵੀ 'ਢੌਂਗ' ਹੀ ਲੱਗਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਮਰਦ ਨੂੰ ਹਰ ਹਾਲ ਆਪਣੇ ਵਿਰੋਧ ਵਿਚ ਰੱਖ ਕੇ ਚੱਲਦੀ ਹੈ। ਇਸਦੀਆਂ ਉਦਾਹਰਨਾਂ ਉਸਦੇ ਕਾਵਿ ਵਿੱਚੋਂ ਹੀ ਦੇਖੀਆਂ ਜਾ ਸਕਦੀਆਂ ਹਨ।

- ਜੇਕਰ ਮਰਦ ਪਾਣੀ ਵਰਗਾ ਹੈ ਤਾਂ ਉਸਨੂੰ ਉਸਦੀਆਂ ਬਾਕੀ ਦੀਆਂ ਸਾਰੀਆਂ ਖਸਲਤਾਂ (ਨਿਮਾਣਾ, ਨੀਵਾਂ, ਕਲ-ਕਲ ਵਗਣਾ, ਸ਼ਾਂਤ ਚਿੱਤ ਆਦਿ) ਭੁੱਲ ਜਾਂਦੀਆਂ ਹਨ ਅਤੇ ਉਸਦਾ ਅਨਿਸ਼ਚਿਤ ਆਕਾਰ ਹੀ ਉਸਨੂੰ ਦਿਸਦਾ ਹੈ। ਜੋ ਕਿਸੇ ਵੀ 'ਭਾਂਡੇ' ਦੇ ਮੇਚ ਆ ਜਾਂਦਾ ਹੈ। ਪਰ ਆਪ ਉਹ ਖੁੱਲ੍ਹਾ ਉੱਡਣਾ ਚਾਹੁੰਦੀ ਹੈ।
- ਜੇ ਮਰਦ ਉਸਦੇ ਸੂਟ ਨਾਲ ਦੀ ਪੱਗ ਲੈਣ ਦਾ ਇੱਛੁਕ ਹੈ ਤਾਂ ਦਬੀ ਕਾਵਿ ਉੱਥੇ ਵੀ ਸੰਤੁਸ਼ਟ ਨਹੀਂ। ਇਥੇ ਕਾਵਿ ਬਿਰਤਾਂਤ ਵਿਚ ਮਰਦ ਨੇ ਉਸਨੂੰ ਸੂਟ ਖਰੀਦਣ ਦੀ ਪਹਿਲ ਦਿੱਤੀ ਹੈ ਤਾਂ ਕਿ ਉਸ ਨਾਲ ਦੀ ਪੱਗ ਖਰੀਦ ਸਕਾਂ। ਪਰ ਕਾਵਿ ਨਾਇਕਾ ਇਨ੍ਹਾਂ ਪੱਗ ਸੂਟ ਦੀਆਂ ਮੈਚਿੰਗਾਂ ਤੋਂ ਪਾਰ ਦਿਲ ਦੀ ਮੈਚਿੰਗ ਤੇ ਅੱਪੜ ਜਾਂਦੀ ਹੈ। ਆਖਰ ਮਰਦ ਕੀ ਕਰੇ? ਤੁਹਾਨੂੰ ਇੱਥੇ ਵੀ 'ਗੂੜ੍ਹੇ-ਫਿੱਕੇ ਰੰਗ' ਦੀ ਸੈਟਿੰਗ ਕਰ ਲੈਣੀ ਚਾਹੀਦੀ ਸੀ ਜਿਵੇਂ ਸੱਸ-ਮਾਂ ਦੇ ਕਹੇ ਅਨੁਸਾਰ ਪੰਨਾ ਨੰਬਰ -47 ਉਪਰ ਕੀਤਾ ਹੈ।
- ਕਾਵਿ ਬਿਰਤਾਂਤ ਵਿਚ ਪਿੰਡ ਪੁੱਤਰਾਂ ਨੂੰ ਹੀ ਆਵਾਜ਼ਾਂ ਮਾਰ ਰਿਹਾ ਧੀਆਂ ਨੂੰ ਕਿਉਂ ਨਹੀਂ? ਕੀ ਧੀਆਂ ਪਿੰਡਾਂ ਦੀਆਂ, ਲੋਕਾਚਾਰ ਦੀਆਂ ਵਾਰਸ ਨਹੀਂ ਹਨ? ਦੂਜਾ 'ਵਸੀਅਤ' ਕਵਿਤਾ ਵਿਚੋਂ ਵੀ ਇਹੀ ਭਾਵ ਨਿਕਲਦੇ ਹਨ ਕਿ ਬਾਪੂ ਪੁਤਰਾਂ ਨੂੰ ਹੀ ਸੰਬੋਧਤ ਹੁੰਦਾ ਹੈ, ਧੀਆਂ ਨੂੰ ਕਿਉਂ ਨਹੀਂ?
- ਦਬੀ ਕਾਵਿ ਦੀ ਨਾਇਕਾ ਮਰਦ ਨੂੰ ਆਪਣੇ ਬਾਇਓਲਾਜੀਕਲ ਸਿਰਜਣਾ ਦੇ ਮੁਕਾਬਲੇ ਤਾਕਤਵਰ ਨਹੀਂ ਮੰਨਦੀ, ਇੱਥੇ ਕਵਿਤਾ ਵਧੇਰੇ ਉਪਦੇਸ਼ਾਤਮਕ ਹੋ ਜਾਂਦੀ ਹੈ।

ਸਪੱਸ਼ਟ ਹੈ ਕਿ ਕਾਵਿ ਨਾਇਕਾ ਦੀਆਂ ਸ਼ਰਤਾਂ ਅਸੀਮਤ ਹਨ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਦਬੀ ਪ੍ਰਤਿਭਾਸ਼ਾਲੀ ਕਵਿੱਤਰੀ ਹੈ ਉਸਨੇ ਇਕੋ ਪੁਸਤਕ ਵਿਚ ਅਨੇਕਾਂ ਰੰਗਾਂ ਨੂੰ ਸਮਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਉਸਦੀ ਕਵਿਤਾ ਵਿਚ ਉਹ ਵਿਅੰਗ ਅਤੇ ਸੂਖ਼ਮਤਾ ਹੈ ਜੋ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ, ਸੋਚਣ ਲਈ ਮਜਬੂਰ ਕਰਦੀ ਹੈ ਅਰਥਾਤ ਉਸਦੀ ਕਵਿਤਾ ਵਿਚ ਪਾਠਕੀ ਸਪੇਸ ਹੈ, ਜੋ ਸਮੇਂ ਦੀ ਮੰਗ ਹੈ। ਉਸਦੀਆਂ ਛੋਟੀਆਂ ਕਵਿਤਾਵਾਂ ਬੇਹੱਦ ਪ੍ਰਭਾਵਿਤ ਕਰਦੀਆਂ ਹਨ, ਇਸੇ ਲਈ ਉਸਨੂੰ ਛੋਟੀਆਂ ਕਵਿਤਾਵਾਂ ਦੀ ਵਧੀਆ ਕਵਿੱਤਰੀ ਵੀ ਕਿਹਾ ਜਾ ਸਕਦਾ ਹੈ। ਉਸਦੀ ਕਵਿਤਾ ਅਨੇਕਾਂ ਰੰਗ ਬਿਖੇਰਣ ਦੇ ਬਾਵਜੂਦ ਵੀ ਵਾਰ ਵਾਰ ਨਾਰੀ ਅਸਤਿੱਤਵ ਵੱਲ ਮੁੜ ਆਉਂਦੀ ਹੈ। ਸੁਭਾਵਿਕ ਹੈ ਇਸ ਤੋਂ ਬਾਹਰਲੇ ਅਨੁਭਵ ਗੌਣ ਰਹਿ ਜਾਂਦੇ ਹਨ। ਉਸਦੀ ਕਵਿਤਾ ਸਮਾਜ ਦੀ ਮੁੱਢਲੀ ਇਕਾਈ ਪਰਿਵਾਰ (ਮਾਂ, ਧੀ, ਪਿਓ, ਪੁੱਤ ਅਤੇ ਪਤੀ/ਪ੍ਰੇਮੀ) ਦੇ ਅਨੁਭਵਾਂ ਤੋਂ ਬਾਹਰ ਵੱਲ ਉੱਲਰਦੀ ਹੈ। ਇਸ ਤਰ੍ਹਾਂ ਉਸਦਾ ਨਾਰੀਵਾਦੀ ਨਜ਼ਰੀਆ ਉਦਾਰਵਾਦੀ ਅਤੇ ਰੈਡੀਕਲ ਨਾਰੀਵਾਦ ਵਾਲਾ ਪ੍ਰਤੀਤ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਧਨਵੰਤ ਕੌਰ, ਨਾਰੀਵਾਦੀ ਸਾਹਿਤ ਚਿੰਤਨ:ਕੁਝ ਅੰਤਰ ਦ੍ਰਿਸ਼ਟੀਆਂ", ਹਰਿਭਜਨ ਸਿੰਘ ਭਾਟੀਆ (ਸੰਪਾ.), ਸਾਹਿਤ ਅਧਿਐਨ ਵਿਧੀਆਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006. ਪੰਨਾ: 204.*
2. *ਪਰਮਜੀਤ ਕੌਰ ਤੇ ਵਿਨੋਦ ਮਿੱਤਲ, ਬੁਵਆਰ ਦਾ ਨਾਰੀਵਾਦ-ਮਸਲੇ ਤੇ ਮੁਲਾਂਕਣ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2011. ਪੰਨਾ: 10*